# ਐੱਚ ਪੀ ਵੀ ਵੈਕਸੀਨ ਨਾਲ ਆਪਣੇ ਬੱਚੇ ਦੀ ਕੈਂਸਰ ਤੋਂ ਰੱਖਿਆ ਕਰੋ।

## *ਐੱਚ ਪੀ ਵੀ ਵੈਕਸੀਨ ਬਾਰੇ ਜਿਹੜੀਆਂ ਚਾਰ ਚੀਜ਼ਾਂ ਤੁਹਾਨੂੰ ਜਾਣਨ ਦੀ ਲੋੜ ਹੈ:*

### 1. ਐੱਚ ਪੀ ਵੀ ਵੈਕਸੀਨ ਕੈਂਸਰ ਤੋਂ ਰੋਕਥਾਮ ਹੈ।

ਇਹ ਵੈਕਸੀਨ ਐੱਚ ਪੀ ਵੀ ਇਨਫੈਕਸ਼ਨਾਂ ਤੋਂ ਰੱਖਿਆ ਕਰਦੀ ਹੈ ਜਿਹੜੀਆਂ ਇਨ੍ਹਾਂ ਦਾ ਕਾਰਨ ਬਣ ਸਕਦੀਆਂ ਹਨ:






ਇਹ ਉਨ੍ਹਾਂ ਇਨਫੈਕਸ਼ਨਾਂ ਤੋਂ ਵੀ ਰੱਖਿਆ ਕਰਦੀ ਹੈ ਜਿਹੜੀਆਂ ਜੈਨੀਟਲ ਵਾਰਟਸ ਦਾ ਕਾਰਨ ਬਣ ਸਕਦੀਆਂ ਹਨ।

### 2. ਉਮਰ ਦਾ ਮਹੱਤਵ ਹੈ। ਵੈਕਸੀਨ ਲਵਾਉਣ ਲਈ ਉਡੀਕ ਨਾ ਕਰੋ।

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਬੱਚੇ ਗਰੇਡ 6 ਵਿਚ ਐੱਚ ਪੀ ਵੀ ਵੈਕਸੀਨ ਲੈਣ। ਇਸ ਕਰਕੇ:

- ✓ ਵੈਕਸੀਨ ਬਿਹਤਰ ਕੰਮ ਕਰਦੀ ਹੈ ਜਦੋਂ ਇਹ ਛੋਟੀ ਉਮਰ ਵਿਚ ਦਿੱਤੀ ਜਾਂਦੀ ਹੈ ਕਿਉਂਕਿ ਐੱਚ ਪੀ ਵੀ ਵੈਕਸੀਨ ਤੋਂ ਬਾਅਦ ਪ੍ਰੀਟੀਨਜ਼ (ਬੱਚਿਆਂ) ਵਿਚ ਵੱਡੀ ਉਮਰ ਦੇ ਟੀਨਜ਼ ਨਾਲੋਂ ਜ਼ਿਆਦਾ ਐਂਟੀਬੌਡੀਜ਼ ਬਣਦੀਆਂ ਹਨ।
- ✓ ਵੈਕਸੀਨ ਦੇ ਬਿਹਤਰ ਕੰਮ ਕਰਨ ਲਈ, ਲੋਕਾਂ ਦੇ ਕਾਮੁਕ ਤੌਰ 'ਤੇ ਐਕਟਿਵ ਹੋਣ ਅਤੇ ਐੱਚ ਪੀ ਵੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਵੈਕਸੀਨ ਲੱਗਣ ਦੀ ਲੋੜ ਹੁੰਦੀ ਹੈ।

***ਜਦੋਂ ਤੁਸੀਂ ਆਪਣੇ ਬੱਚੇ ਦੇ ਸਮੇਂ ਸਿਰ ਵੈਕਸੀਨ ਲਵਾਉਂਦੇ ਹੋ ਤਾਂ ਤੁਸੀਂ ਉਨ੍ਹਾਂ ਨੂੰ ਬਾਅਦ ਦੀ ਜ਼ਿੰਦਗੀ ਵਿਚ ਐੱਚ ਪੀ ਵੀ ਕੈਂਸਰਾਂ ਤੋਂ ਬਿਹਤਰ ਰਖਵਾਲੀ ਦਿੰਦੇ ਹੋ।***

### 3. ਐੱਚ ਪੀ ਵੀ ਵੈਕਸੀਨ ਸੁਰੱਖਿਅਤ ਹੈ।

**200,000,000**

**ਐੱਚ ਪੀ ਵੀ ਵੈਕਸੀਨ ਦੀਆਂ ਡੋਜ਼ਾਂ ਸਹੀ ਸਲਾਮਤ ਦਿੱਤੀਆਂ ਗਈਆਂ ਹਨ**

ਵੈਕਸੀਨ ਦੀ ਸੇਫਟੀ 'ਤੇ 15 ਨਾਲੋਂ ਜ਼ਿਆਦਾ ਸਾਲਾਂ ਦੀ ਨਿਗਰਾਨੀ ਨੇ ਇਹ ਦਿਖਾਇਆ ਹੈ ਕਿ ਐੱਚ ਪੀ ਵੀ ਵੈਕਸੀਨ ਸੁਰੱਖਿਅਤ ਹੈ। ਦੁਨੀਆ ਭਰ ਵਿਚ ਵੈਕਸੀਨ ਦੀਆਂ 200 ਮਿਲੀਅਨ ਨਾਲੋਂ ਜ਼ਿਆਦਾ ਡੋਜ਼ਾਂ ਸੁਰੱਖਿਅਤ ਤਰੀਕੇ ਨਾਲ ਦਿੱਤੀਆਂ ਗਈਆਂ ਹਨ।

### 4. ਐੱਚ ਪੀ ਵੀ ਵੈਕਸੀਨ ਕੰਮ ਕਰਦੀ ਹੈ!



ਕੈਨੇਡਾ ਅਤੇ ਐੱਚ ਪੀ ਵੀ ਵੈਕਸੀਨ ਦੇ ਪ੍ਰੋਗਰਾਮਾਂ ਵਾਲੇ ਹੋਰ ਦੇਸ਼ਾਂ ਵਿਚ ਹੋਈਆਂ ਸਟੱਡੀਜ਼ ਨੇ, ਐੱਚ ਪੀ ਵੀ ਵੈਕਸੀਨ ਦੀ ਵਰਤੋਂ ਤੋਂ ਲੈ ਕੇ, ਐੱਚ ਪੀ ਵੀ ਇਨਫੈਕਸ਼ਨਾਂ, ਸਰਵੀਕਲ ਪ੍ਰੀ-ਕੈਂਸਰਾਂ, ਅਤੇ ਜੈਨੀਟਲ ਵਾਰਟਸ ਵਿਚ ਵੱਡੀਆਂ ਕਮੀਆਂ ਦਿਖਾਈਆਂ ਹਨ।

## ਐੱਚ ਪੀ ਵੀ ਕੀ ਹੈ?

- ਐੱਚ ਪੀ ਵੀ ਹਿਊਮਨ ਪਾਪਾਲੋਮਾਵਾਇਰਸ ਲਈ ਛੋਟਾ ਸ਼ਬਦ ਹੈ।
- ਇਹ ਸੰਭੋਗ ਨਾਲ ਲੱਗਣ ਵਾਲੀ ਸਭ ਤੋਂ ਆਮ ਇਨਫੈਕਸ਼ਨ ਹੈ।
- **ਕਾਮੁਕ ਤੌਰ 'ਤੇ ਸਰਗਰਮ, ਵੈਕਸੀਨ ਨਾ ਲੱਗੇ ਤਕਰੀਬਨ 4 ਲੋਕਾਂ ਵਿੱਚੋਂ 3 ਨੂੰ ਆਪਣੀਆਂ ਜ਼ਿੰਦਗੀਆਂ ਦੇ ਕਿਸੇ ਸਮੇਂ 'ਤੇ ਐੱਚ ਪੀ ਵੀ ਹੋਵੇਗਾ।**
- ਐੱਚ ਪੀ ਵੀ ਦੀਆਂ ਬਹੁਤ ਸਾਰੀਆਂ ਵੱਖ ਵੱਖ ਕਿਸਮਾਂ ਹਨ। ਬਹੁਤੀਆਂ ਐੱਚ ਪੀ ਵੀ ਇਨਫੈਕਸ਼ਨਾਂ ਨੁਕਸਾਨ-ਰਹਿਤ ਹਨ ਅਤੇ ਆਪਣੇ ਆਪ ਹਟ ਜਾਂਦੀਆਂ ਹਨ। ਪਰ ਕੁਝ ਇਨਫੈਕਸ਼ਨਾਂ ਕੈਂਸਰ ਜਾਂ ਜੈਨੀਟਲ ਵਾਰਟਸ ਦਾ ਕਾਰਨ ਬਣ ਸਕਦੀਆਂ ਹਨ।

[Punjabi] 07/22

ਅਨੁਵਾਦਾਂ ਅਤੇ ਜ਼ਿਆਦਾ ਜਾਣਕਾਰੀ ਲਈ ਕਿਊ ਆਰ ਕੋਡ ਸਕੈਨ ਕਰੋ ਜਾਂ **immunizebc.ca/hpv** 'ਤੇ ਜਾਉ।

BRITISH COLUMBIA | ImmunizeBC | BC CANCER Provincial Health Services Authority